Punjabi/ਪੰਜਾਬੀ

AEC
Australian Electoral Commission

# ਰੁਕੋ ਅਤੇ ਵਿਚਾਰੋ

## ਕੇਂਦਰੀ ਚੋਣਾਂ ਦੌਰਾਨ ਵੋਟਿੰਗ ਪ੍ਰਕਿਰਿਆ ਬਾਰੇ ਬਹੁਤ ਸਾਰੀਆਂ ਗੱਲਾਂ ਕਹੀਆਂ ਅਤੇ ਲਿਖੀਆਂ ਜਾਂਦੀਆਂ ਹਨ। **ਇਨ੍ਹਾਂ ਵਿੱਚੋਂ ਕੁਝ ਗਲਤ ਜਾਂ ਗੁੰਮਰਾਹਕੁੰਨ ਹੋ ਸਕਦੀਆਂ ਹਨ।**

ਰੁਕੋ ਅਤੇ ਇਸ ਪ੍ਰਕਿਰਿਆ ਬਾਰੇ ਜੋ ਤੁਸੀਂ ਦੇਖਦੇ, ਸੁਣਦੇ ਜਾਂ ਪੜ੍ਹਦੇ ਹੋ, ਉਸ ਦੀ ਸਮੱਗਰੀ ਅਤੇ ਸਰੋਤ 'ਤੇ ਵਿਚਾਰ ਕਰੋ।

ਏ ਆਈ (AI) - ਨਾਲ ਤਿਆਰ ਕੀਤੇ ਮੈਸੇਜ, ਤਸਵੀਰਾਂ, ਵੀਡੀਓ ਅਤੇ ਆਡੀਓ ਦੀ ਵਰਤੋਂ ਤੁਹਾਨੂੰ ਧੋਖਾ ਦੇਣ ਅਤੇ ਇਸ ਦੀ ਕੋਸ਼ਿਸ਼ ਕਰਨ ਲਈ ਕੀਤੀ ਜਾ ਸਕਦੀ ਹੈ ਕਿ ਵੋਟ ਕਿੱਥੇ ਪਾਉਣੀ ਹੈ, ਬੈਲਟ ਪੇਪਰ ਕਿਵੇਂ ਭਰਨੇ ਹਨ ਜਾਂ ਇਹ ਪ੍ਰਕਿਰਿਆ ਭਰੋਸੇਯੋਗ ਕਿਉਂ ਨਹੀਂ ਹੋ ਸਕਦੀ। **ਇਸ ਨਾਲ ਕੋਈ ਵੀ ਪ੍ਰਭਾਵਿਤ ਹੋ ਸਕਦਾ ਹੈ।**

ਚੰਗੇ ਸ਼ੱਕ ਨਾਲ ਇਸ ਬਾਰੇ ਵਿਚਾਰੋ। ਇਸਨੂੰ ਚੈੱਕ ਕਰੋ ਜਾਂ ਅਣਡਿੱਠ ਕਰੋ, ਪਰ ਸਾਂਝਾ ਜਾਂ ਦੁਬਾਰਾ ਪੋਸਟ ਨਾ ਕਰੋ। ਤੁਸੀਂ ਇਸਨੂੰ ਉਸ ਜਗ੍ਹਾ 'ਤੇ ਵੀ ਰਿਪੋਰਟ ਕਰ ਸਕਦੇ ਹੋ ਜਿੱਥੇ ਤੁਸੀਂ ਇਸਨੂੰ ਦੇਖਿਆ ਸੀ। ਦੋਸਤਾਂ ਅਤੇ ਪਰਿਵਾਰ ਦੀ ਵੀ ਅਜਿਹਾ ਕਰਨ ਵਿੱਚ ਸਹਾਇਤਾ ਕਰੋ।

ਆਸਟ੍ਰੇਲੀਆ ਕੋਲ ਦੁਨੀਆ ਵਿੱਚੋਂ ਸਭ ਤੋਂ ਭਰੋਸੇਮੰਦ ਚੋਣ ਪ੍ਰਣਾਲੀਆਂ ਵਿੱਚੋਂ ਇੱਕ ਹੈ। ਇਹ ਵੋਟਰਾਂ ਦੀ ਪ੍ਰਣਾਲੀ ਹੈ ਅਤੇ ਇਸਦੀ ਰੱਖਿਆ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।

## ਸਾਡੇ ਕੋਲ ਜੋ ਹੈ ਉਸਨੂੰ ਜੋਖਮ ਵਿੱਚ ਨਾ ਪਾਓ।

### ਸਮੱਗਰੀ ਦੀ ਜਾਂਚ ਕਰੋ

**ਹੇਠ ਲਿਖਿਆਂ ਲਈ ਜਾਂਚ ਕਰੋ:**

- ਉਹ ਸ਼ਬਦ ਜੋ ਤਿੱਖੀਆਂ ਭਾਵਨਾਵਾਂ ਪੈਦਾ ਕਰਦੇ ਹਨ, ਜਿਵੇਂ ਕਿ ਸਦਮਾ, ਗੁੱਸਾ ਜਾਂ ਉਤੇਜਨਾ
- ਸਾਰਿਆਂ ਦੀ ਬਜਾਏ, ਥੋੜ੍ਹੀ ਜਿਹੀ ਗਿਣਤੀ ਵਿੱਚ ਹੀ ਵਿਕਲਪ ਪੇਸ਼ ਕੀਤੇ ਜਾ ਰਹੇ ਹਨ
- ਕਿਸੇ ਖਾਸ ਸਮੂਹ ਜਾਂ ਵਿਅਕਤੀ ਨੂੰ ਦੋਸ਼ੀ ਠਹਿਰਾਉਣਾ ਜਦੋਂ ਕਿ ਇਕੱਲਾ ਵਿਅਕਤੀ/ਸਮੂਹ ਜ਼ਿੰਮੇਵਾਰ ਨਹੀਂ ਹੈ
- ਕਿਸੇ ਦਲੀਲ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਕਿਸੇ ਵਿਅਕਤੀ 'ਤੇ ਹਮਲਾ ਕਰਨਾ।

### ਸਰੋਤ ਦੀ ਜਾਂਚ ਕਰੋ

**ਆਪਣੇ ਆਪ ਤੋਂ ਪੁੱਛੋ:**

- ਜਾਣਕਾਰੀ ਕਿੱਥੋਂ ਆਈ? ਕੀ ਇਹ ਕਿਸੇ ਭਰੋਸੇਯੋਗ ਜਗ੍ਹਾ ਤੋਂ ਹੈ?
- ਕੀ ਇਹ ਆਸਟ੍ਰੇਲੀਆ ਤੋਂ ਹੈ ਜਾਂ ਵਿਦੇਸ਼ ਤੋਂ?
- ਕੀ ਇਹ ਏ ਆਈ (AI) ਹੋ ਸਕਦੀ ਹੈ? AI ਤਕਨਾਲੋਜੀ ਗਲਤ ਮੈਸੇਜ, ਤਸਵੀਰਾਂ, ਵੀਡੀਓ ਅਤੇ ਆਡੀਓ ਬਣਾਉਣਾ ਆਸਾਨ ਬਣਾਉਂਦੀ ਹੈ।
- ਇਸਨੂੰ ਕਿਉਂ ਪ੍ਰਕਾਸ਼ਿਤ ਕੀਤਾ ਗਿਆ ਸੀ? ਕੀ ਕੋਈ ਕਾਰਨ ਹੈ ਕਿ ਕੋਈ ਤੁਹਾਨੂੰ ਕਿਸੇ ਅਜਿਹੀ ਚੀਜ਼ ਬਾਰੇ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਸੱਚ ਨਹੀਂ ਹੈ?

### ਸਾਡੀ ਵੈੱਬਸਾਈਟ ਦੇਖੋ

**ਸਹੀ ਜਾਣਕਾਰੀ ਪ੍ਰਾਪਤ ਕਰੋ:**

- ਵੋਟ ਕਦੋਂ ਪਾਉਣੀ ਹੈ
- ਵੋਟਾਂ ਕਿਵੇਂ ਗਿਣੀਆਂ ਜਾਂਦੀਆਂ ਹਨ
- ਨਤੀਜਾ ਕਿਵੇਂ ਤੈਅ ਕੀਤਾ ਜਾਂਦਾ ਹੈ
- AEC ਵੋਟਾਂ ਨੂੰ ਕਿਵੇਂ ਸੁਰੱਖਿਅਤ ਰੱਖਦਾ ਹੈ।




**aec.gov.au** 13 23 26

ਸਾਡੇ ਤੋਂ ਸਿੱਧਾ ਸੁਣਨ ਲਈ ਸਾਡੇ ਨਾਲ ਜੁੜੋ

ਚੋਣ ਕਮਿਸ਼ਨਰ, ਕੈਨਬਰਾ ਦੁਆਰਾ ਅਧਿਕਾਰਤ
Authorised by the Electoral Commissioner, Canberra

25-2108